ਸੰਪਾਦਕ ਦੀ ਕਲਮ ਤੋਂ

ਕੀ ਅਗਸਤ, 1947 ਵਿਚ ਖਾਲਿਸਤਾਨ ਮਿਲਦਾ ਸੀ ? ਦੇਸ਼ ਆਜ਼ਾਦ - ਪਰ ਪੰਥ ???

15 ਅਗਸਤ, 1947 – ਭਾਰਤ ਭੂਮੀ ਦੀ ਵੰਡ ਹੋਈ। ਇਹ ਦੇਸ਼ ਦੀ ਹੀ ਵੰਡ ਨਹੀਂ ਹੋਈ ਬਲਕਿ ਪੰਜਾਬ ਦੀ ਵੀ ਵੰਡ ਹੋਈ। ਪਰ ਇਸ ਵਿਚ ਸਿੱਖ ਕੌਮ ਦੀ ਵੰਡ ਬਚ ਗਈ। ਇਕ ਦੇ ਦੋ ਦੇਸ਼ ਹੋਏ। ਇਹ ਵੰਡ ਰਾਜਾ-ਗਾਂਧੀ ਫਾਰਮੂਲੇ ਤਹਿਤ 'ਹਿੰਦੂ ਕਾਂਗਰਸ-ਮੁਸਲਿਮ ਲੀਗ' ਦੀ ਸਹਿਮਤੀ ਨਾਲ ਹੋਈ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦਾ ਇਹ ਵਚਿਤ੍ਰ ਆਯਾਮ ਹੈ। ਦੇਸ਼ ਗ਼ੁਲਾਮ ਸੀ। ਪਰ ਤਿੰਨ ਮੁਖ ਧਿਰਾਂ ਦੀ ਸੋਚ ਵਿਚ ਅਮਿਟਵਾਂ ਅੰਤਰ ਸੀ। ਮੁਸਲਮਾਨਾਂ ਦੀ ਨੁਮਾਂਇਦਗੀ ਮੁਸਲਿਮ ਲੀਗ ਦੇ ਹੱਥ ਸੀ। ਸਿਖਾਂ ਦੀ ਨੁਮਾਂਇੰਦਗੀ ਸ਼੍ਰੋਮਣੀ ਅਕਾਲੀ ਦਲ ਕਰ ਰਿਹਾ ਸੀ। ਤੀਸਰੀ ਮੁਖ ਧਿਰ ਹਿੰਦੂਆਂ ਦੀ ਕਮਾਨ ਕਾਂਗਰਸ ਦੇ ਹੱਥ ਸੀ। ਤਿੰਨੋ ਧਿਰਾਂ ਦਾ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਇਕ ਨਿਸ਼ਾਨਾ ਤਾਂ ਹੈ ਹੀ ਸੀ ਪਰ ਇਸਦੇ ਨਾਲ ਹੀ ਮੁਸਲਿਮ ਹੱਕਾਂ ਦੀ ਵਾਹਿਦ ਦਾਅਵੇਦਾਰ ਮੁਸਲਿਮ ਲੀਗ ਦਾ ਇਹ ਅੰਤਿਮ ਅਤੇ ਦ੍ਰਿੜ ਨਿਰਣਾ ਅਤੇ ਨਿਸ਼ਾਨਾ ਸੀ ਕਿ ਮੁਸਮਾਨ ਹੁਣ ਹਿੰਦੂਆਂ ਦੇ ਨਾਲ ਜਾਂ ਇਹਨਾਂ ਦੀ ਬਹੁਸੰਮਤੀ ਦੇ ਅਧੀਨ ਨਹੀ ਰਹਿ ਸਕਦੇ। ਉਹਨਾਂ ਨੂੰ ਆਪਣਾ ਵੱਖਰਾ ਦੇਸ਼ ਚਾਹੀਦਾ ਹੀ ਚਾਹੀਦਾ ਹੈ। ਇਸਦੇ ਨਾਲ ਹੀ ਉਹ ਬਗੈਰ ਕਿਸੇ ਭਰਮ ਭੁਲੇਖੇ ਅਤੇ ਦੁਬਿਧਾ ਦੇ ਆਪਣੇ ਮੁਕਾਮ ਤੇ ਸਪਸ਼ਟ ਸਨ ਕਿ ਮੁਸਲਮਾਨਾ ਦੀ ਨੁਮਾਇੰਦਗੀ ਦਾ ਹੱਕ ਕੇਵਲ ਮੁਸਲਿਮ ਲੀਗ ਨੂੰ ਹੈ ਅਤੇ ਕਾਂਗਰਸ ਨੂੰ ਉਹ ਹਿੰਦੂ ਕਾਂਗਰਸ ਕਹਿ ਕੇ ਮੁਖਾਤਬ ਕਰਦੇ ਸਨ। ਇਸ ਲਈ ਮੁਸਲਿਮ ਲੀਗ ਦੀ ਮੰਗ ਸੀ – ਦੇਸ਼ ਦਾ ਬਟਵਾਰਾ।

ਦੂਸਰੇ ਪਾਸੇ ਕਾਂਗਰਸ ਹਿੰਦੂ ਬਹੁਗਿਣਤੀ ਦੇ ਹੱਕਾਂ ਦੀ ਦਾਅਵੇਦਾਰ ਸੀ ਅਤੇ ਇਸ ਲਈ ਯਤਨਸ਼ੀਲ ਵੀ ਸੀ । ਬਹੁਗਿਣਤੀ ਦੀ ਇੱਛਾ ਅਖੰਡ ਹਿੰਦੁਸਤਾਨ ਤੇ ਰਾਜ ਕਰਨ ਦੀ ਸੀ। ਇਸ ਲਈ ਕਾਂਗਰਸ ਐਲਾਨੀਆ ਤੌਰ ਤੇ ਦੇਸ਼ ਦੀ ਵੰਡ ਦੇ ਖਿਲਾਫ਼ ਸੀ। ਗਾਂਧੀ ਜੀ ਤਾਂ ਦੇਸ਼ ਦੀ ਵੰਡ ਨੂੰ ਗਉ ਮਾਤਾ ਜਾਂ ਭਾਰਤ ਮਾਤਾ ਦੇ ਟੁਕੜੇ ਕਰਨ ਤਕ ਦੀ ਤੁਲਨਾ ਕਰਦੇ ਸਨ।

ਸਿੱਖ ਦੇਸ਼ ਦੀ ਵੰਡ ਦੇ ਵਿਰੋਧ ਵਿਚ ਸਨ ਕਿਉਂਕਿ ਸਹਿਮਤ ਫਾਰਮੂਲੇ ਮੁਤਾਬਕ ਪੂਰਾ ਪੰਜਾਬ ਅਤੇ ਬੰਗਾਲ ਪਾਕਿਸਤਾਨ ਦਾ ਹਿੱਸਾ ਬਣਦਾ ਸੀ। ਇਸ ਨਾਲ ਅੱਧੇ ਸਿੱਖ ਪਾਕਿਸਤਾਨ ਵਿਚਲੇ ਪੰਜਾਬ ਵਿਚ ਤੇ ਅੱਧੇ ਸਿੱਖ ਹਿੰਦੁਸਤਾਨ ਵਿਚ ਰਹਿਣੇ ਸਨ। ਦਰਅਸਲ ਇਸ ਨਾਲ ਦੇਸ਼ ਦੀ ਵੰਡ ਨਹੀਂ ਸੀ ਹੋਣੀ ਬਲਕਿ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਜਾਣੀ ਸੀ। ਅੱਧੇ ਸਿੱਖ ਮੁਸਲਿਮ ਪਾਕਿਸਤਾਨ ਅਧੀਨ ਤੇ ਅੱਧੇ ਹਿੰਦੁਸਤਾਨ ਦੇ ਅਧੀਨ । ਛੋਟੀ ਜਹੀ ਸਿੱਖ ਕੌਮ ਲਈ ਇਹ ਸੋਚ ਹੀ ਕਿਤਨੀ ਭਿਆਨਕ ਅਤੇ ਮਾਰੂ ਹੋਣੀ ਸੀ ਇਸਦਾ ਅੰਦਾਜ਼ਾ ਵੀ ਲਗਾਣਾ ਮੁਸ਼ਕਿਲ ਹੈ। ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਆ ਰਹੇ ਇਸ ਭਿਆਨਕ ਤੂਫਾਨ ਅਤੇ ਬਰਬਾਦੀ ਨੂੰ ਸਮਝਿਆ ਅਤੇ ਨਿਰਣਾ ਕੀਤਾ ਕਿ ਜੇਕਰ ਮੁਸਲਿਮ ਲੀਗ ਭਾਰਤ ਦੀ ਵੰਡ ਕਰ ਕੇ ਆਪਣਾ ਹਿੱਸਾ ਚਾਹੁੰਦੀ ਹੈ ਤਾਂ ਸਿੱਖ ਵੀ ਮੰਗ ਕਰਦੇ ਹਨ ਕਿ ਉਹਨਾਂ ਦੀ ਪਿਤ੍ਰੀ ਭੂਮੀ ਪੰਜਾਬ ਦੀ ਵੀ ਵੰਡ ਕੀਤੀ ਜਾਵੇ । ਮੁਸਲਿਮ ਲੀਗ ਨੂੰ ਇਹ ਕਤਈ ਮਨਜ਼ੂਰ ਨਹੀਂ ਸੀ। ਪਰ ਮਾਸਟਰ ਤਾਰਾ ਸਿੰਘ ਜੀ ਦੀ ਅਡੋਲ ਦ੍ਰਿੜਤਾ ਅਤੇ ਉਹਨਾਂ ਵਲੋਂ ਲਾਹੌਰ ਅਸੰਬਲੀ ਦੇ ਬਾਹਰ ਆਪਣੀ ਕ੍ਰਿਪਾਨ ਉੱਤੇ ਚੁਕ ਕੇ ***ਪਾਕਿਸਤਾਨ ਮੁਰਦਾਬਾਦ*** ਦਾ ਨਾਅਰਾ ਲਾਉਣ ਨਾਲ ਕਾਂਗਰਸ-ਮੁਸਲਿਮ ਲੀਗ ਦੀ ਮਿੱਥੀ ਸਕੀਮ ਤੇ ਪਾਣੀ ਪੈ ਗਿਆ। ਅੰਗਰੇਜ਼ ਹਕੂਮਤ ਨੇ ਪਹਿਲੇ ਪਲੈਨ ਰੱਦ ਕਰ ਕੇ ਪੰਜਾਬ ਦੀ ਵੰਡ ਦਾ ਐਲਾਨ ਕਰ ਦਿੱਤਾ। ਸੋ ਕਾਂਗਰਸ-ਮੁਸਲਿਮ ਲੀਗ ਦੇ ਸਮਝੌਤੇ ਨੇ ਦੇਸ਼ ਦੀ ਵੰਡ ਮੰਗੀ ਪਰ ਸਿੱਖਾਂ ਨੇ ਆਪਣੀ ਕੁਰਬਾਨੀ ਅਤੇ ਦ੍ਰਿੜਤਾ ਨਾਲ ਪੰਜਾਬ ਦੀ ਵੰਡ ਕਰਵਾਈ। ਇਸ ਲਈ ਜਿਹੜੀ ਕੀਮਤ ਸਿੱਖ ਕੌਮ ਨੂੰ ਤਾਰਨੀ ਪਈ ਉਸਦੀ ਮਿਸਾਲ ਵਿਸ਼ਵ ਇਤਿਹਾਸ ਵਿਚ ਨਹੀਂ ਮਿਲਦੀ। ਤਕਰੀਬਨ ਅੱਧੀ ਸਿੱਖ ਕੌਮ ਨੂੰ ਆਪਣੀ ਜਨਮ ਭੂਮੀ, ਆਪਣੇ ਗੁਰਧਾਮ, ਆਪਣਾ ਦੇਸ਼, ਆਪਣਾ ਸਰਵੱਸ ਛੱਡ ਕੇ ਹਿਜਰਤ ਕਰਨੀ ਪਈ। 1947 ਦੇ ਘੱਲੂ ਘਾਰੇ ਵਿਚ ਸਿੱਖ ਬੀਬੀਆਂ ਨੇ ***ਥੋਹਾ ਖਾਲਸਾ*** ਅਤੇ ਹੋਰ ਥਾਵਾਂ ਤੇ ਖੂਹਾਂ ਵਿਚ ਛਾਲਾਂ ਮਾਰੀਆਂ। ਪੁਰਾਤਨ ਇਤਿਹਾਸ ਨੂੰ ਦੁਹਰਾਇਆ। ਕਿਸ ਲਈ? ਆਪਣਾ ਸਿੱਖੀ ਧਰਮ ਬਚਾਣ ਦੀ ਖਾਤਰ। ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਮੋਰਚੇ, ਬੱਬਰ ਅਕਾਲੀ ਲਹਿਰ ਰਾਹੀਂ ਦੇਸ਼ ਦੀ ਜੰਗੇ ਆਜ਼ਾਦੀ ਵਿਚ ਸਿੱਖਾਂ ਨੇ ਆਪਣਾ ਸਰਵੱਸ ਵਾਰਿਆ। ਦੇਸ਼ ਦੀ ਆਜ਼ਾਦੀ ਅਤੇ ਪੰਥ ਦੀ ਆਜ਼ਾਦੀ ਇਕ ਦੂਜੇ ਦੇ ਪਰਯਾਇਵਾਚੀ ਬਣ ਗਏ। ਕੌਮ ਨੇ ਆਪਣੀ ਮਾਤ ਭੂਮੀ, ਆਪਣੀ ਧਰਮ ਭੂਮੀ ਛੱਡੀ, ਆਪਣੇ ਗੁਰਧਾਮ ਛੱਡੇ। ਸਿਰਫ਼ ਅਤੇ ਸਿਰਫ਼ ਆਪਣਾ ਧਰਮ ਬਚਾਣ ਦੀ ਖਾਤਿਰ।

ਚੂੰਕਿ ਸਿੱਖ ਕੌਮ ਅਤੇ ਖਾਸ ਕਰਕੇ ਮਾਸਟਰ ਤਾਰਾ ਸਿੰਘ ਜੀ ਦੀ ਦੀ ਸਿਦਕ ਦਿਲੀ ਅਤੇ ਦ੍ਰਿੜਤਾ ਕਰਕੇ ਮੁਸਲਿਮ ਲੀਗ ਦੇ ਪੂਰੇ ਪੰਜਾਬ ਤੇ ਕਬਜ਼ਾ ਕਰਨ ਦੀ ਸਕੀਮ ਸਿਰੇ ਨਾ ਚੜੀ, ਉਹਨਾਂ ਨੇ ਤਾਂ ਪੰਜਾਬ ਨੂੰ ਭੰਡਣਾ ਹੀ ਸੀ ਪਰ ਕਾਂਗਰਸ ਲਈ ਵੀ ਹੁਣ ਮੁਸਲਿਮ ਲੀਗ ਦਾ ਕੰਡਾ ਨਿਕਲ ਚੁਕਾ ਸੀ ਤੇ ਸਿੱਖਾਂ ਨਾਲ ਕੀਤੇ ਇਕਰਾਰ ਅਤੇ ਵਾਇਦੇ ਦਰਕਿਨਾਰ ਕਰਨੇ ਸਨ ਇਸ ਲਈ ਬਿਨਾ ਕਿਸੇ ਸਬੂਤ, ਲਿਖਤ, ਦਸਤਾਵੇਜ਼ ਜਾਂ ਗਵਾਹੀ ਦੇ ਇਹ ਭੰਡੀ ਪ੍ਰਚਾਰ ਅਰੰਭਿਆ ਗਿਆ ਕਿ 1947 ਵਿਚ ਖਾਲਿਸਤਾਨ ਮਿਲਦਾ ਸੀ ਜਾਂ ਜਿਨਾਹ ਸਿੱਖ ਕੌਮ ਨੂੰ ਆਜ਼ਾਦੀ ਦੇਣਾ ਚਾਹੁੰਦਾ ਸੀ ਪਰ ਮਾਸਟਰ ਤਾਰਾ ਸਿੰਘ ਨੇ ਨਹੀਂ ਲਈ। ਸਬੂਤ ਇਹ ਕਿ ਮੈਂ ਸੁਣਿਆ ਹੈ। ਪ੍ਰਸਿੱਧ ਇਤਿਹਾਸਕਾਰ ਡਾਕਟਰ ਕਿਰਪਾਲ ਸਿੰਘ ਜੋ ਪੰਜਾਬ ਦੇ ਬਟਵਾਰੇ ਤੇ ਮਹਾਰਤ ਰਖਦੇ ਹਨ ਉਹਨਾਂ ਦਾ ਸਪਸ਼ਟ ਕਹਿਣਾ ਹੈ ਕਿ ਇਹ ਹਿੰਦੂਆਂ ਦਾ ਪਰੌਪੈਗੰਡਾ ਹੈ।

ਮੁਸਲਿਮ ਲੀਗ ਅਤੇ ਪਾਕਿਸਤਾਨ ਦੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਸਿਖਾਂ ਨੂੰ ਕਿਹੜੀਆਂ ਸ਼ਰਤਾਂ ਅਧੀਨ ਪਾਕਿਸਤਾਨ ਵਿਚ ਰਖਣਾ ਚਾਹੁੰਦੇ ਸਨ ਉਹ ਸਿਰਦਾਰ ਕਪੂਰ ਸਿੰਘ ਨੇ ***ਸਾਚੀ ਸਾਖੀ*** ਵਿਚ ਵਿਸਥਾਰ ਸਹਿਤ ਅੰਕਤ ਕੀਤੀਆਂ ਹਨ। ਮੁਸਲਿਮ ਲੀਗ ਜਾਂ ਜਿਨਾਹ ਨਾਲ ਸਮਝੌਤਾ ਨਹੀਂ ਹੋਣ ਦੇ ਕਾਰਣਾਂ ਦੇ ਗੁਹਜ ਅਤੇ ਅੰਤ੍ਰੀਵ ਭਾਵ ਨੂੰ ਵਿਸਥਾਰ ਸਹਿਤ ਵਿਚਾਰਦਿਆਂ ਅਖੀਰ ਵਿਚ ਸਪਸ਼ਟ ਲਫ਼ਜ਼ਾਂ ਵਿਚ ਆਪਣੀ ਟਿੱਪਣੀ ਦਰਜ਼ ਕੀਤੀ ਹੈ ਕਿ,

> **ਇਹ ਗੱਲ ਮੇਰੀ ਸਮਝ ਵਿਚ ਆ ਗਈ। ਮਾਰਚ 1947 ਵਿਚ, ਮੁਸਲਮਾਨਾ ਨੇ , ਬਿਨਾ ਕਾਰਣ, ਸੋਚੀ ਸਮਝੀ ਪਲਾਨ ਅਨੁਸਾਰ, ਹਜ਼ਾਰਾਂ ਸਿੱਖ, ਇਸਤ੍ਰੀਆਂ, ਮਰਦ, ਬੱਚੇ, ਪੋਠੋਹਾਰ ਦੇ ਇਲਾਕੇ ਵਿਚ, ਬੜੀ ਬੇਦਰਦੀ ਨਾਲ ਮਾਰ ਸੁਟੇ ਸਨ। ਇਸ ਕਿਸਮ ਦੇ ਦਰਿੰਦਾ ਸੁਭਾ ਲੋਕਾਂ ਨਾਲ ਝਟ ਪਟ ਕੋਈ ਸਮਝੌਤਾ ਕਰਨਾ, ਕਠਨ ਸੀ। (ਸਾਚੀ ਸਾਖੀ ਪੰਨਾ 98)**

ਦਰਅਸਲ ਜਿਨਾਹ ਜਾਂ ਲੀਗ ਸਿੱਖਾਂ ਨੂੰ ਜ਼ਬਾਨੀ ਵਾਅਦਿਆਂ ਰਾਹੀਂ ਕਿਹੋ ਜਿਹਾ ਛਿਣਕਣਾ ਹੱਥ ਫ਼ੜਾਣਾਂ ਚਾਹੁੰਦੀ ਸੀ ਉਸ ਦਾ ਵੇਰਵਾ ਸਿਰਦਾਰ ਕਪੂਰ ਸਿੰਘ ਨੇ ਆਪਣੇ ਸ਼ਾਹਕਾਰ ***ਸਾਚੀ ਸਾਖੀ*** ਵਿਚ ਵਿਸਥਾਰ ਸਹਿਤ ਲਿਖਿਆ ਹੈ,

> **ਮਈ, ਸੰਨ 1947 ਵਿਚ ਮਿਸਟਰ ਜਨਾਹ ਲਾਹੌਰ ਆਏ ਤੇ ਮੈਂ ਉਦੋਂ ਲਾਹੌਰ ਹੀ ਸੀ। ਉਹ ਮਾਸਟਰ ਤਾਰਾ ਸਿੰਘ ਨੂੰ ਮਿਲ ਕੇ , ਇਹ ਤਜਵੀਜ਼ ਕਬੂਲ ਕਰਵਾਉਣਾ ਚਾਹੁੰਦੇ ਸਨ:**
> **(੧) ਪੰਜਾਬ ਨ ਵੰਡਿਆ ਜਾਏ ਤੇ ਪਾਕਿਸਤਾਨ ਦਾ ਭਾਗ ਬਣੇ ਅਤੇ ਮੁਸਲਿਮ ਤਸਲੀਮ ਕਰਦੇ ਹਨ ਕਿ ਰਾਵੀ ਤੋਂ ਲੈ ਕੇ ਜਮੁਨਾ ਤਕ ਦਾ ਮੁਲਕ ਸਿੱਖਾਂ ਦੀ ਪਿਤ੍ਰੀ-ਭੂਮੀ ਹੈ ਅਤੇ** ਇਉਂ ਸਿੱਖ, ਪਾਕਿਸਤਾਨ ਵਿਚ ਅੰਤ੍ਰਜਾਤੀ (Sub-nation) **ਹਨ ਜਿਨ੍ਹਾਂ ਦੇ ਕਿ ਆਪਣੀ ਪਿਤ੍ਰੀ ਭੂਮੀ ਵਿਸ਼ੇਸ਼ ਅਧਿਕਾਰ, ਅੰਦਰੂਨੀ ਆਜ਼ਾਦੀ (Internal autonomy) ਦੇ ਹਨ।**
> **(2) ਪੰਜਾਬ ਵਿਚ 33 ਫੀਸਦੀ ਸੀਟਾਂ ਸਿੱਖਾਂ ਦੀਆਂ ਰਾਖਵੀਆਂ ਤੇ ਸਾਰੇ ਪਾਕਿਸਤਾਨ ਵਿਚ 20 ਫੀ ਸਦੀ ਰਾਖਵੇਂ ਹੱਕ ਤੇ ਸੀਟਾਂ ਸਿੱਖਾਂ ਲਈ ਮੁਸਲਮਾਨ ਪੱਕੇ ਤੌਰ ਤੇ ਮੰਨਦੇ ਹਨ।**
> **(3) ਪੰਜਾਬ ਦਾ ਗਵਰਨਰ ਯਾ ਮੁੱਖ ਮੰਤਰੀ, ਇਕ ਹਮੇਸ਼ਾ ਸਿੱਖ ਰਹੇਗਾ।**
> **(4) ਪਾਕਿਸਤਾਨ ਦੀ ਫੌਜ ਵਿਚ, ਸਿੱਖ ਹਮੇਸ਼ਾ 40 ਫੀ ਸਦੀ ਭਰਤੀ ਕੀਤੇ ਜਾਣਗੇ ਅਤੇ ਫੌਜੀ ਹਾਈ ਕਮਾਣ ਵਿਚ ਵੀ ਇਹੋ ਤਨਾਸਬ ਸਿੱਖਾਂ ਦਾ ਰਹੇਗਾ।**
> **(5) ਪਾਕਿਸਤਾਨ ਵਿਚ ਕੋਈ ਕਾਨੂੰਨ ਯਾ ਵਿਧਾਨ ਜਿਸ ਨੂੰ ਕਿ ਸਿੱਖ ਸਰਵ-ਸੰਮਤੀ ਨਾਲ ਕਹਿਣ ਕਿ ਸਿੱਖਾਂ ਦੇ ਬਰਖਿਲਾਫ ਵਿਤਕਰੇ ਬਰਿਆ ਹੈ, ਪਾਸ ਹੋ ਕੇ ਲਾਗੂ ਨਹੀਂ ਹੋ ਸਕੇਗਾ, ਜਿਤਨਾ ਚਿਰ ਕਿ ਪਾਕਿਸਤਾਨ ਦਾ ਸਭ ਤੋਂ ਵੱਡਾ ਕੋਰਟ ਇਹ ਨ ਕਹਿ ਦੇਵੇ ਕਿ ਉਸ ਕਾਨੂੰ ਦਾ ਸਿੱਖਾਂ ਉਤੇ ਕੋਈ ਅਸਰ ਸਿੱਧਾ ਨਹੀਂ ਪੈਂਦਾ। (ਸਾਚੀ ਸਾਖੀ ਪੰਨਾ 98)**

ਸਿਰਦਾਰ ਕਪੂਰ ਸਿੰਘ ਦੀ ਇਸ ਸਿੱਕੇ ਬੰਦ ਲਿਖਤ ਵਿਚ ਖਾਲਿਸਤਾਨ, ਵੱਖਰੇ ਸੂਬੇ ਜਾਂ ਸਿੱਖਾਂ ਦੀ ਆਜ਼ਾਦ ਹਸਤੀ ਦਾ ਕੋਈ ਜ਼ਿਕਰ ਤਕ ਨਹੀਂ ਸੀ। ਹੋਰ ਤਾਂ ਹੋਰ ਸਿੱਖ ਕੌਮ ਦਾ ਇਕ ***ਨੇਸ਼ਨ*** ਦੇ ਰੁਤਬੇ ਨੂੰ ਵੀ ਘਟਾ ਕੇ ***ਸਬ-ਨੇਸ਼ਨ, ਜਾਂ ਅਰਧ (ਨੀਮ) ਕੌਮ*** ਦਾ ਰੁਤਬਾ ਕਰਨ ਦੀ ਗੱਲ ਕਹੀ ਗਈ ਸੀ। ਘੱਲੂਘਾਰਿਆਂ ਵੇਲੇ ਵੀ ਸਿੱਖਾਂ ਨੂੰ ਮੁਗਲ ਹਕੂਮਤ ਅਧੀਨ ਨਵਾਬੀ ਦੀ ਪੇਸ਼-ਕਸ਼ ਪ੍ਰਵਾਨ ਨਹੀਂ ਸੀ। ਬਾਕੀ ਜ਼ਬਾਨੀ ਵਾਇਦਿਆਂ ਦੀ ਕੀ ਅਹਿਮੀਅਤ ਹੁੰਦੀ ਹੈ ਇਸ ਬਾਰੇ ਸਿੱਖਾਂ ਤੋਂ ਬਿਹਤਰ ਕੌਣ ਜਾਣਦਾ ਹੈ। ਕਾਂਗਰਸ ਅਤੇ ਇਸਦੇ ਲੀਡਰਾਂ ਨੇ ਤਾਂ ਫ਼ਿਰ ਵੀ ਲਿਖਤੀ ਵਾਇਦੇ ਕੀਤੇ ਸਨ ਪਰ ਇਹ ਤਾਂ ਕੇਵਲ ਜ਼ਬਾਨੀ ਕਲਾਮੀ ਹੀ ਤਜਵੀਜ਼ ਸੀ। ਲੂਈਸ ਬੀ. ਮਾਇਰ ਦਾ ਕਹਿਣਾ ਹੈ ਕਿ ਜ਼ਬਾਨੀ ਸਮਝੌਤੇ ਦੀ ਕੀਮਤ ਉਸ ਕਾਗਜ਼ ਜਿੰਨੀ ਵੀ ਨਹੀਂ ਹੁੰਦੀ ਜਿਸ ਤੇ ਉਹ ਲਿਖਿਆ ਹੁੰਦਾ ਹੈ। ਕੀ ਮੁਸਲਿਮ ਲੀਗ ਨੇ ਇਹੋ ਜਿਹੇ ਵਾਅਦੇ ਸਰਹੱਦੀ ਗਾਂਧੀ ਅਤੇ ਪਖ਼ਤੂਨਾ ਨਾਲ ਨਹੀਂ ਸੀ ਕੀਤੇ ? ਬਾਕੀ ਜੋ ਇਹੋ ਜਿਹਾ ਪੰਥ ਘਾਤਕ ਸਮਝੌਤਾ ਹੋ ਵੀ ਜਾਂਦਾ ਉਸਦੀ ਮਿਆਦ ਕਿਤਨੇ ਘੰਟੇ ਹੋਣੀ ਸੀ, ਉਸਦਾ ਅੰਦਾਜ਼ਾ ਲਗਾਣਾ ਮੁਸ਼ਕਿਲ ਨਹੀਂ।

ਸਿਰਦਾਰ ਕਪੂਰ ਸਿੰਘ ਇਸ ਜਦੋਜਹਿਦ ਦੇ ਗਵਾਹ ਅਤੇ ਭੁਗਤ ਭੋਗੀ ਸਨ। ਦੇਸ਼ ਦੀ ਵੰਡ ਦੇ ਬਾਅਦ ਵੀ ਮਾਸਟਰ ਤਾਰਾ ਸਿੰਘ ਜੀ ਦੀ ਕਿਆਦਤ ਅਤੇ ਅਗਵਾਈ ਵਿਚ ਮਾਸਟਰ ਜੀ ਦੇ ਅੰਤਿਮ ਸਾਹ ਲੈਣ ਤਕ ਦ੍ਰਿੜਤਾ ਨਾਲ ਉਹਨਾਂ ਦੇ ਨਾਲ ਰਹੇ। ਸਿਰਦਾਰ ਕਪੂਰ ਸਿੰਘ ਨੇ 1971 ਵਿਚ ਮਾਸਟਰ ਜੀ ਅਤੇ ਪੰਥਕ ਹਾਲਾਤ ਬਾਰੇ ਵੇਦਨਾ ਪ੍ਰਗਟ ਕੀਤੀ,

> **ਜੇ ਮਾਸਟਰ ਤਾਰਾ ਸਿੰਘ ਨੂੰ ਹਿੱਕ ਦੇ ਜ਼ੋਰ ਨਾਲ ਪੰਥਕ ਲੀਡਰਸ਼ਿਪ ਤੋਂ ਵਾਂਝਿਆਂ ਨਾ ਕਰ ਦਿੱਤਾ ਹੁੰਦਾ ਤੇ ਜੇਕਰ ਅਕਾਲ ਪੁਰਖ ਨੇ ਮਾਸਟਰ ਜੀ ਨੂੰ ਜ਼ਿੰਦਗੀ ਦੇ ਦੱਸ ਕੁ ਵਰ੍ਹੇ ਹੋਰ ਦਿੱਤੇ ਹੁੰਦੇ ਤਾਂ ਮੇਰਾ ਦ੍ਰਿੜ ਵਿਚਾਰ ਹੈ ਕਿ ਉਹਨਾਂ ਨੇ ਆਪਣੀ ਅਗਵਾਈ ਨਾਲ ਸਿੱਖਾਂ ਨੂੰ ਭਾਰਤੀ ਸੰਘ ਵਿਚ ਇਕ ਖ਼ੁਦਮੁਖਤਿਆਰ ਰੁਤਬਾ ਦਿਵਾ ਕੇ ਸਿੱਖ ਕੌਮ ਨੂੰ ਅੰਤਰ-ਰਾਸ਼ਟ੍ਰੀ ਪੱਧਰ ਤੇ ਮਾਨਤਾ ਪ੍ਰਦਾਨ ਕਰਵਾ ਦੇਣੀ ਸੀ।**

ਉਕਤ ਤਥਾਂ ਦੀ ਰੋਸ਼ਨੀ ਵਿਚ ਜੇ ਹਾਲੇ ਵੀ ਕੋਈ ਇਹ ਰੱਟ ਲਾਈ ਰਖੇ ਕਿ 1947 ਵਿਚ ਖਾਲਿਸਤਾਨ ਮਿਲਦਾ ਸੀ ਤੇ ਮਾਸਟਰ ਤਾਰਾ ਸਿੰਘ ਨੇ ਨਹੀਂ ਲਿਆ ਤਾਂ ਇਹ ਪ੍ਰਤਖ ਪ੍ਰਮਾਣ ਹੈ ਕਿ ਦੁਸ਼ਮਣ ਸਾਮ-ਦਾਮ-ਦੰਡ-ਭੇਦ ਦੀ ਨੀਤੀ ਵਰਤ ਕੇ ਕਿਸ ਹੱਦ ਤਕ ਭੁਲੇਖਾ ਪਾਉਣ ਵਿਚ ਸਮਰੱਥ ਹੈ। ਅਲਬੱਤਾ ਅੱਧਾ ਪੰਜਾਬ ਅਤੇ ਬੰਗਾਲ ਸਿੱਖਾਂ ਦੀ ਭਾਰਤ ਨੂੰ ਦੇਣ ਹੈ ਪਰ ਬਾਅਦ ਵਿਚ ਸਿੱਖ ਕੌਮ ਨਾਲ ਹੋਏ ਵਰਤਾਰੇ ਕਾਰਣ ਭਾਈਆ ਈਸ਼ਰ ਸਿੰਘ ਦੇ ਲਫ਼ਜਾਂ ਵਿਚ ਹੂਕ ਨਿਕਲਦੀ ਹੈ,

ਲੋਕਾਂ ਵੰਡੀਆਂ ਪਾ ਕੇ ਮੁਲਕ ਵੰਡ ਲਏ, ਸਾਡੇ ਲਈ ਹੈ ਲੱਡੂਆਂ ਦਾ ਬੂਰ ਨਾਨਕ।
ਹੱਥ ਜੋੜ ਕੇ ਆਪਣਾ ਹੱਕ ਮੰਗੀਏ, ਅੱਗੋਂ ਕਹਿੰਦੇ ਨੇ ਇਉਂ ਹਜ਼ੂਰ ਨਾਨਕ।
ਅਜ ਸਿੱਖਾਂ ਦੇ ਭੈੜੇ ਦਿਮਾਗ ਅੰਦਰ , ਆ ਗਿਆ ਏ ਕੋਈ ਫ਼ਤੂਰ ਨਾਨਕ।